# ਔਰਤਾਂ ਨਾਲ ਜਿਨਸੀ ਦੁਰਵਿਵਹਾਰ/ਪਰੇਸ਼ਾਨੀ, ਛੇੜ-ਛਾੜ, ਪਿੱਛਾ ਕਰਨ ਵਿਰੁੱਧ ਨੀਤੀ

1. ਜਿਨਸੀ ਸ਼ੋਸ਼ਣ ਔਰਤਾਂ ਦੇ ਬਰਾਬਰੀ ਅਤੇ ਗੌਰਵ ਦੇ ਅਧਿਕਾਰ ਦੀ ਘੋਰ ਉਲੰਘਣਾ ਹੈ। ਇਸ ਲਈ ਯੂਨੀਵਰਸਿਟੀ ਅੰਦਰ ਜਿਨਸੀ ਸ਼ੋਸ਼ਣ ਦੀ ਕਿਸੇ ਵੀ ਪ੍ਰਕਾਰ ਦੀ ਘਟਨਾ ਜਾਂ ਕਰਮ ਦੇ ਵਿਰੁੱਧ 'ਜ਼ੀਰੋ ਸ਼ਹਿਣਸ਼ੀਲਤਾ' ਦੀ ਨੀਤੀ ਹੈ। ਇਸ ਸੰਬੰਧ ਵਿਚ ਮਈ, 2002 ਵਿੱਚ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਕਿਸੇ ਵੀ ਪ੍ਰਕਾਰ ਦੀ ਸ਼ਿਕਾਇਤ ਦੀ ਜਾਂਚ ਕਰਨ ਲਈ "ਕਾਰਜ-ਸਥਾਨ ਵਿਖੇ ਔਰਤਾਂ ਦਾ ਜਿਨਸੀ ਸ਼ੋਸ਼ਣ ਰੋਕਥਾਮ ਸੈੱਲ" ਦੀ ਸਥਾਪਨਾ ਕੀਤੀ ਗਈ। ਇਸ ਸੈੱਲ ਦਾ ਛੋਟਾ ਸਿਰਲੇਖ "ਔਰਤਾਂ ਦਾ ਜਿਨਸੀ ਸ਼ੋਸ਼ਣ ਰੋਕਥਾਮ ਸੈੱਲ" (ਪੀ.ਡਬਲਯੂ.ਐਚ.ਸੀ) ਹੈ।
2. ਪੀ ਡਬਲਯੂ ਐਚ ਸੀ ਦੀ ਸਥਾਪਨਾ ਯੂ.ਜੀ.ਸੀ. ਦੁਆਰਾ ਨਿਰਦੇਸ਼ਿਤ ਹੈ। ਇਹ ਨਿਰਦੇਸ਼ ਯੂ.ਜੀ.ਸੀ. ਦੁਆਰਾ ਮਾਰਚ 1999 ਵਿੱਚ ਸਾਰੇ ਵਾਈਸ ਚਾਂਸਲਰਾਂ ਅਤੇ ਪ੍ਰਿੰਸੀਪਲਾਂ ਨੂੰ ਆਪਣੇ ਅਧਿਕਾਰ ਅਧੀਨ ਕਾਰਜ-ਸਥੱਲਾਂ ਉੱਪਰ ਜਿਨਸੀ ਸ਼ੋਸ਼ਣ ਰੋਕਥਾਮ ਸੈੱਲਾਂ ਦੀ ਸਥਾਪਨਾ ਕਰਨ ਲਈ ਜਾਰੀ ਕੀਤੇ ਗਏ ਸਨ। ਇਹ ਨਿਰਦੇਸ਼ ਵਿਸ਼ਾਕਾ ਬਨਾਮ ਰਾਜਸਥਾਨ ਰਾਜ (1997) ਕੇਸ ਬਾਰੇ ਹੋਏ ਇਤਿਹਾਸਕ ਨਿਰਣੇ ਦੇ ਸਬੰਧ ਵਿੱਚ ਦਿੱਤੇ ਗਏ ਜਿਸ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਕਾਨੂੰਨੀ ਤੌਰ 'ਤੇ ਲਾਜ਼ਮੀ ਦਿਸ਼ਾ-ਨਿਰਦੇਸ਼ ਬਣਾਏ ਜਿਹੜੇ ਕਿ ਔਰਤਾਂ ਨੂੰ ਭਾਰਤੀ ਸੰਵਿਧਾਨ ਦੇ ਤਹਿਤ ਦਿੱਤੇ ਗਏ ਬਰਾਬਰੀ ਅਤੇ ਸਨਮਾਨ ਦੇ ਅਧਿਕਾਰ ਦੇ ਨਾਲ-ਨਾਲ ਔਰਤਾਂ ਨਾਲ ਹੁੰਦੇ ਹਰ ਤਰ੍ਹਾਂ ਦੇ ਵਿਤਕਰੇ ਦੇ ਖਾਤਮੇ ਬਾਰੇ ਸੰਯੁਕਤ ਰਾਸ਼ਟਰ ਦੁਆਰਾ ਕੀਤੀ ਕਨਵੈਨਸ਼ਨ 'ਤੇ ਆਧਾਰਿਤ ਹਨ। (ਸੀ.ਈ.ਡੀ.ਏ.ਡਬਲਯੂ.)।
3. ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਜਿਹਾ ਸੁਖਾਵਾਂ ਅਤੇ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਜਿਸ ਵਿੱਚ ਵਿਦਿਆਰਥੀ, ਅਧਿਆਪਕ ਅਤੇ ਗੈਰ-ਅਧਿਆਪਨ ਅਮਲਾ, ਹਿੰਸਾ, ਪ੍ਰੇਸ਼ਾਨੀ, ਸ਼ੋਸ਼ਣ ਅਤੇ ਡਰ ਤੋਂ ਮੁਕਤ ਵਾਤਾਵਰਣ ਵਿੱਚ ਮਿਲ ਕੇ ਕੰਮ ਕਰ ਸਕਦੇ ਹੋਣ। ਇਸ ਵਿੱਚ ਲਿੰਗਕ ਹਿੰਸਾ, ਜਿਨਸੀ ਸ਼ੋਸ਼ਣ ਅਤੇ ਲਿੰਗ ਦੇ ਆਧਾਰ 'ਤੇ ਹੋਣ ਵਾਲੇ ਭੇਦਭਾਵ ਦੇ ਸਾਰੇ ਰੂਪ ਸ਼ਾਮਿਲ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਹਰ ਵਿਅਕਤੀ ਦੇ ਗੌਰਵ ਨੂੰ ਅਹਿਮੀਅਤ ਦਿੰਦੀ ਹੈ ਅਤੇ ਉਸਦੇ ਮਨੁੱਖੀ ਅਧਿਕਾਰਾਂ ਦਾ ਪੂਰਨ ਸਨਮਾਨ ਕਰਦੀ ਹੈ। ਪੰਜਾਬੀ ਯੂਨੀਵਰਸਿਟੀ,ਪਟਿਆਲਾ ਸੰਸਥਾ ਦੇ ਕਾਮਿਆਂ, ਕਰਮਚਾਰੀਆਂ, ਰੁਜ਼ਗਾਰ ਲਈ ਬਿਨੈਕਾਰਾਂ, ਵਿਦਿਆਰਥੀਆਂ ਜਾਂ ਕਿਸੇ ਵੀ ਪ੍ਰਕਾਰ ਦੀ ਸਿਖਲਾਈ, ਸੋਧ ਜਾਂ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਦੇ ਗੌਰਵ ਨੂੰ ਬਰਕਰਾਰ ਰੱਖਣ ਨੂੰ ਯਕੀਨੀ ਬਣਾਉਂਦੀ ਹੈ। ਇਸ ਮੰਤਵ ਅਧੀਨ ਰੁਜ਼ਗਾਰ, ਸਿੱਖਿਆ ਜਾਂ ਸਿਖਲਾਈ ਵਾਲੇ ਮਾਹੌਲ ਵਿੱਚ ਜਿਨਸੀ ਸ਼ੋਸ਼ਣ ਦੇ ਸਾਰੇ ਰੂਪਾਂ ਦੇ ਖ਼ਾਤਮੇ ਦਾ ਐਲਾਨ ਕੀਤਾ ਜਾਂਦਾ ਹੈ।
4. ਨਿਯਮ ਅਤੇ ਸਿਧਾਂਤ, ਜਿਨ੍ਹਾਂ ਦੁਆਰਾ ਪੀ.ਡਬਲਯੂ.ਐਚ.ਸੀ. ਆਪਣੇ ਕਾਰਜਾਂ ਨੂੰ ਪੂਰਾ ਕਰਦੀ ਹੈ, ਨੂੰ ਅਦਾਲਤੀ ਫੈਸਲਿਆਂ ਅਤੇ ਯੂ.ਜੀ.ਸੀ. ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਸਮੇਂ-ਸਮੇਂ 'ਤੇ ਨਵਿਆਇਆ ਅਤੇ ਸੋਧਿਆ ਜਾਂਦਾ ਹੈ। ਵਰਤਮਾਨ ਸਮੇਂ, ਇਸਦੀ ਨੀਤੀ ਕਾਰਜ-ਸਥਾਨ 'ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਪਟਾਰਾ) ਐਕਟ, 2013 ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਉੱਚ

ਵਿਦਿਅਕ ਸੰਸਥਾਵਾਂ ਵਿੱਚ ਮਹਿਲਾ ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਜਿਨਸੀ ਸ਼ੋਸ਼ਣ ਦੀ ਰੋਕਥਾਮ, ਮਨਾਹੀ ਅਤੇ ਨਿਪਟਾਰਾ) ਅਧਿਨਿਯਮ, 2015 ਦੇ ਅਨੁਕੂਲ ਹੈ।

5. **ਪੀ.ਡਬਲਯੂ.ਐਚ.ਸੀ.ਦੇ ਉਦੇਸ਼:**
   - ਕਾਰਜ-ਸਥਾਨ 'ਤੇ ਜਿਨਸੀ ਸ਼ੋਸ਼ਣ ਦੀ ਮਨਾਹੀ, ਰੋਕਥਾਮ ਅਤੇ ਨਿਪਟਾਰੇ ਦੀ ਪਾਲਣਾ ਕਰਨ ਲਈ ਨੀਤੀ ਲਾਗੂ ਕਰਨ ਦੇ ਸਬੰਧ ਵਿੱਚ ਸੁਪਰੀਮ ਕੋਰਟ ਅਤੇ ਯੂ.ਜੀ.ਸੀ. ਦੇ ਨਿਰਦੇਸ਼ਾਂ ਨੂੰ ਪੂਰਾ ਕਰਨਾ।
   - ਪੀੜਤ ਵਿਅਕਤੀ ਨੂੰ ਅਪਰਾਧਿਕ, ਮੁੱਖ ਤੌਰ ’ਤੇ ਦੰਡਾਤਮਕ, ਪ੍ਰਕਿਰਿਆ ਦੇ ਉਲਟ ਇੱਕ ਸਿਵਲ ਨਿਪਟਾਰਾ ਵਿਧੀ ਪ੍ਰਦਾਨ ਕਰਨਾ।
   - ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਦੀ ਰੋਕਥਾਮ ਅਤੇ ਨਿਪਟਾਰੇ ਲਈ, ਰਾਹਤ ਦੀ ਅੰਦਰੂਨੀ ਪ੍ਰਣਾਲੀ ਰਾਹੀਂ ਇੱਕ ਅਜਿਹੀ ਵਿਧੀ ਵਿਕਸਤ ਕਰਨਾ ਜਿਸ ਤੱਕ ਪਹੁੰਚ ਕਰਨਾ ਆਸਾਨ ਹੋਵੇ ਅਤੇ ਜਿਸ ਰਾਹੀਂ ਪੀੜਤ ਸ਼ਿਕਾਇਤਕਰਤਾ ਨੂੰ ਜਲਦੀ ਤੋਂ ਜਲਦੀ ਇੱਕ ਕਾਰਗਰ ਉਪਾਅ ਪ੍ਰਦਾਨ ਕੀਤਾ ਜਾ ਸਕੇ ਤਾਂ ਜੋ ਉਹ ਅਧਿਐਨ/ਕੰਮ ਕਰਨਾ ਜਾਰੀ ਰੱਖ ਸਕੇ ਅਤੇ ਬਿਨਾਂ ਹੋਰ ਰੁਕਾਵਟਾਂ ਦੇ ਵਿਕਸਤ ਹੋ ਸਕੇ।
   - ਸ਼ਿਕਾਇਤਾਂ ਅਤੇ ਉਹਨਾਂ ਦੀ ਪੈਰਵਾਈ ਦੀਆਂ ਪ੍ਰਕਿਰਿਆਵਾਂ ਦੀ ਉਚਿਤ ਰਿਪੋਰਟਿੰਗ ਰਾਹੀਂ ਲਿਖਤ ਅਤੇ ਭਾਵਨਾ ਵਿੱਚ ਨੀਤੀ ਨੂੰ ਲਾਗੂ ਕਰਨਾ ਯਕੀਨੀ ਬਣਾਉਣਾ।
   - ਜਾਣਕਾਰੀ, ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਦੇ ਸੈਸ਼ਨਾਂ ਰਾਹੀਂ ਕੰਮ-ਕਾਜੀ ਥਾਵਾਂ ਉੱਪਰ ਜਿਨਸੀ ਸ਼ੋਸ਼ਣ ਦੀ ਰੋਕਥਾਮ ਦਾ ਸਮਰਥਨ ਕਰਨਾ।
   - ਨਿਪਟਾਰੇ ਲਈ ਇੱਕ ਵਿਸਤ੍ਰਿਤ ਢਾਂਚਾ ਪ੍ਰਦਾਨ ਕਰਨਾ।
   - ਲਿੰਗ-ਆਧਾਰਿਤ ਭੇਦਭਾਵ ਤੋਂ ਮੁਕਤ ਵਾਤਾਵਰਣ ਪ੍ਰਦਾਨ ਕਰਨਾ।
   - ਸਾਰੀਆਂ ਸਹੂਲਤਾਂ ਦੀ ਬਰਾਬਰ ਪਹੁੰਚ ਅਤੇ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣਾ।
   - ਇੱਕ ਸੁਰੱਖਿਅਤ ਸਰੀਰਕ ਅਤੇ ਸਮਾਜਿਕ ਵਾਤਾਵਰਣ ਦੀ ਉਸਾਰੀ ਜਿਹੜਾ ਜਿਨਸੀ ਸ਼ੋਸ਼ਣ ਦੀਆਂ ਕਾਰਵਾਈਆਂ ਨੂੰ ਰੋਕੇਗਾ।
   - ਇੱਕ ਸੁਹਿਰਦ ਸਮਾਜਿਕ ਅਤੇ ਮਨੋਵਿਗਿਆਨਕ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਜੋ ਆਪਣੇ ਵੱਖ-ਵੱਖ ਰੂਪਾਂ ਵਿੱਚ ਜਿਨਸੀ ਸ਼ੋਸ਼ਣ ਬਾਰੇ ਜਾਗਰੂਕਤਾ ਪੈਦਾ ਕਰੇਗਾ।
6. **ਜਿਨਸੀ ਸ਼ੋਸ਼ਣ ਦੀ ਪਰਿਭਾਸ਼ਾ:ਇਸ ਵਿਚ ਜਿਨਸੀ ਤੌਰ ’ਤੇ ਨਿਰਧਾਰਤ ਹੇਠ ਲਿਖਿਆ ਅਣਚਾਹਿਆ ਵਿਹਾਰ ਅਤੇ ਹਰਕਤਾਂ (ਚਾਹੇ ਉਹ ਸਿੱਧੇ ਤੌਰ 'ਤੇ ਹੋਵੇ ਜਾਂ ਪ੍ਰਭਾਵ ਦੁਆਰਾ) ਸ਼ਾਮਿਲ ਹਨ:**
   - I. ਸਰੀਰਕ ਸੰਪਰਕ ਅਤੇ ਪਹਿਲ ਕਦਮੀਆਂ;
   - II. ਜਿਨਸੀ ਸੰਬੰਧਾਂ ਵਾਸਤੇ ਮੰਗ ਜਾਂ ਬੇਨਤੀ;
   - III. ਕਾਮੁਕ ਟਿੱਪਣੀਆਂ;
   - IV. ਅਸ਼ਲੀਲ ਸਾਹਿਤ, ਤਸਵੀਰਾਂ ਅਤੇ ਵੀਡੀਓ ਦਿਖਾਉਣਾ;
   - V. ਜਿਨਸੀ ਸੁਭਾਅ ਦਾ ਕੋਈ ਵੀ ਹੋਰ ਅਣਚਾਹਿਆ ਸਰੀਰਕ, ਜ਼ੁਬਾਨੀ ਜਾਂ ਗੈਰ-ਜ਼ੁਬਾਨੀ ਵਿਵਹਾਰ।

**7. ਵਿਅਕਤੀ ਦੇ ਵਿਹਾਰ ਦੀਆਂ ਕੁਝ ਉਦਾਹਰਨਾਂ ਜੋ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਬਣਦੀਆਂ ਹਨ:**

- ਜਿਨਸੀ ਤੌਰ 'ਤੇ ਸੁਝਾਅ ਦੇਣ ਵਾਲੀਆਂ ਟਿੱਪਣੀਆਂ ਜਾਂ ਵਿਅੰਗ।
- ਗੰਭੀਰ ਜਾਂ ਵਾਰ-ਵਾਰ ਅਪਮਾਨਜਨਕ ਟਿੱਪਣੀਆਂ, ਜਿਵੇਂ ਕਿ ਕਿਸੇ ਵਿਅਕਤੀ ਦੇ ਸਰੀਰ ਜਾਂ ਦਿੱਖ ਨਾਲ ਸਬੰਧਿਤ ਛੇੜਛਾੜ।
- ਅਪਮਾਨਜਨਕ ਟਿੱਪਣੀਆਂ ਜਾਂ ਚੁਟਕਲੇ।
- ਕਿਸੇ ਵਿਅਕਤੀ ਦੇ ਸੈਕਸ ਜੀਵਨ ਬਾਰੇ ਅਣਉਚਿਤ ਸਵਾਲ, ਸੁਝਾਅ ਜਾਂ ਟਿੱਪਣੀਆਂ।
- ਕਾਮੁਕ ਜਾਂ ਹੋਰ ਅਪਮਾਨਜਨਕ ਤਸਵੀਰਾਂ, ਪੋਸਟਰ, ਐਮ.ਐਮ.ਐਸ, ਐਸ.ਐਮ.ਐਸ, ਵਟਸਐਪ ਦਿਖਾਉਣਾ।
- ਜਿਨਸੀ ਸੰਬੰਧਾਂ ਲਈ ਡਰਾਉਣਾ, ਧਮਕਾਉਣਾ ਤੇ ਬਲੈਕਮੇਲ ਕਰਨਾ।
- ਕਿਸੇ ਅਜਿਹੇ ਕਰਮਚਾਰੀ ਨੂੰ ਡਰਾਉਣਾ, ਧਮਕਾਉਣਾ ਜਾਂ ਬਦਲਾ-ਲਊ ਕਾਰਵਾਈ ਕਰਨਾ ਜੋ ਜਿਨਸੀ ਪ੍ਰਭਾਵ ਵਾਲੇ ਅਸਵਿਕਾਰਯੋਗ ਵਿਵਹਾਰ ਬਾਰੇ ਬੋਲਦਾ ਹੈ।
- ਜਿਨਸੀ ਪ੍ਰਭਾਵ ਵਾਲੇ ਅਣਚਾਹੇ ਸਮਾਜਿਕ ਸੱਦੇ ਜੋ ਆਮ ਤੌਰ 'ਤੇ ਫਲਰਟਿੰਗ ਵਜੋਂ ਸਮਝੇ ਜਾਂਦੇ ਹਨ।
- ਅਣਚਾਹੀਆਂ ਜਿਨਸੀ ਪਹਿਲ ਕਦਮੀਆਂ ਜੋ ਪ੍ਰਤੱਖ/ਅਪ੍ਰਤੱਖ ਵਾਅਦਿਆਂ ਜਾਂ ਧਮਕੀਆਂ ਦੇ ਸਮੇਤ ਜਾਂ ਉਨ੍ਹਾਂ ਤੋਂ ਬਿਨਾਂ ਹੋ ਸਕਦੀਆਂਹਨ।
- ਸਰੀਰਕ ਸੰਪਰਕ ਜਿਵੇਂ ਕਿ ਛੂਹਣਾ ਜਾਂ ਚੂੰਢੀ ਵੱਢਣਾ।
- ਕਿਸੇ ਨੂੰ ਉਸ ਦੀ ਇੱਛਾ ਦੇ ਵਿਰੁੱਧ ਪਲੋਸਣਾ, ਚੁੰਮਣਾ ਜਾਂ ਪਿਆਰਨਾ (ਹਮਲਾ ਵਿਚਾਰਿਆ ਜਾ ਸਕਦਾ ਹੈ)।
- ਨਿੱਜੀ ਥਾਂ 'ਤੇ ਹਮਲਾ (ਬਿਨਾਂ ਕਿਸੇ ਕਾਰਨ ਬਹੁਤ ਨੇੜੇ ਜਾਣਾ, ਖਹਿਣਾ, ਘੇਰਨਾ)।
- ਸੱਦੇ ਨੂੰ ਠੁਕਰਾਏ ਜਾਣ ਦੇ ਬਾਵਜੂਦ ਲਗਾਤਾਰ ਕਿਸੇ ਨੂੰ ਬਾਹਰ ਜਾਣ ਲਈ ਪੁੱਛਦੇ ਰਹਿਣਾ।
- ਕਿਸੇ ਦਾ ਪਿੱਛਾ ਕਰਨਾ।
- ਜਿਨਸੀ ਸੰਬੰਧਾਂ ਲਈ ਕਿਸੇ ਦੀ ਨੌਕਰੀ ਖੋਹਣ ਦੀ ਧਮਕੀ ਦੇਣਾ ਜਾਂ ਉਸਦੀ ਕਾਰਗੁਜ਼ਾਰੀ ਨੂੰ ਕਮਜ਼ੋਰ ਕਰਨ ਲਈ ਆਪਣੇ ਅਧਿਕਾਰਾਂ ਜਾਂ ਸ਼ਕਤੀ ਦੀ ਦੁਰਵਰਤੋਂ।
- ਜਿਨਸੀ ਸੰਬੰਧਾਂ ਲਈ ਬੰਦ ਦਰਵਾਜੇ ਦੇ ਪਿੱਛੇ ਕਿਸੇ ਉੱਪਰ ਝੂਠੇ ਦੋਸ਼ ਲਾਉਣਾ ਅਤੇ ਉਸਨੂੰ ਕਮਜ਼ੋਰ ਕਰਨਾ
- ਕਿਸੇ ਵਿਅਕਤੀ ਦੀ ਸਾਖ ਨੂੰ ਉਸ ਦੇ ਨਿੱਜੀ ਜੀਵਨ ਬਾਰੇ ਅਫਵਾਹਾਂ ਫੈਲਾਉਣ ਦੁਆਰਾ ਨਿਯੰਤਰਿਤ ਕਰਨਾ।

**8. ਪੀ.ਡਬਲਯੂ.ਐਚ.ਸੀ ਦਾ ਅਧਿਕਾਰ ਖੇਤਰ**- ਸੈੱਲ ਅਧਿਆਪਕਾਂ, ਖੋਜਾਰਥੀਆਂ, ਵਿਦਿਆਰਥੀਆਂ ਅਤੇ ਗੈਰ-ਅਧਿਆਪਨ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਨੂੰ ਸੰਬੋਧਿਤ ਕਰਦਾ ਹੈ:

- ਪੰਜਾਬੀ ਯੂਨੀਵਰਸਿਟੀ ਕੈਂਪਸ, ਪੰਜਾਬੀ ਯੂਨੀਵਰਸਿਟੀ
- ਨੇਬਰਹੁੱਡ ਕੈਂਪਸ ਅਤੇ ਰਿਜਨਲ ਸੈਂਟਰ
- ਕਾਂਸਟੀਚਿਊਟ ਕਾਲਜ

9. **ਸ਼ਿਕਾਇਤ ਨਿਪਟਾਰਾ ਵਿਧੀ:**ਪੀਡਬਲਯੂਐਚਸੀ ਜਿਨਸੀ ਸ਼ੋਸ਼ਣ ਨਾਲ ਸਬੰਧਿਤ ਸ਼ਿਕਾਇਤਾਂ ਦੇ ਨਿਪਟਾਰੇ ਲਈ ਅੰਦਰੂਨੀ ਵਿਧੀ ਨੂੰ ਲਾਗੂ ਕਰਦਾ ਹੈ ਜਿਸ ਦੇ ਅਧਾਰ ਉੱਪਰ 'ਅੰਦਰੂਨੀ ਸ਼ਿਕਾਇਤ ਕਮੇਟੀ' (ਆਈ.ਸੀ.ਸੀ) ਦਾ ਗਠਨ ਕੀਤਾ ਗਿਆ ਹੈ। ਆਈ.ਸੀ. ਸੀ ਦੀ ਹੇਠ ਲਿਖੀਆਂ ਬਣਤਰ ਹੋਣਗੀਆਂ:

   a. ਇੱਕ ਪ੍ਰੀਜ਼ਾਈਡਿੰਗ ਅਫਸਰ ਜਿਹੜੀ ਵਿਦਿਅਕ ਸੰਸਥਾ ਵਿਖੇ ਸੀਨੀਅਰ ਪੱਧਰ 'ਤੇ ਨੌਕਰੀ ਕਰਨ ਵਾਲੀ ਔਰਤ ਫੈਕਲਟੀ ਮੈਂਬਰ ਹੋਵੇਗੀ (ਕਿਸੇ ਯੂਨੀਵਰਸਿਟੀ ਦੇ ਮਾਮਲੇ ਵਿੱਚ ਪ੍ਰੋਫੈਸਰ ਤੋਂ ਹੇਠਾਂ ਨਹੀਂ, ਨਾ ਕਿ ਕਿਸੇ ਕਾਲਜ ਦੇ ਮਾਮਲੇ ਵਿੱਚ ਰੀਡਰ ਦੇ ਐਸੋਸੀਏਟ ਪ੍ਰੋਫੈਸਰ ਤੋਂ ਹੇਠਾਂ), ਕਾਰਜਕਾਰੀ ਅਥਾਰਟੀ ਦੁਆਰਾ ਨਾਮਜ਼ਦ ਕੀਤੀ ਜਾਵੇਗੀ।

      ਬਸ਼ਰਤੇ ਕਿ ਜੇ ਕੋਈ ਸੀਨੀਅਰ ਪੱਧਰ ਦੀ ਮਹਿਲਾ ਕਰਮਚਾਰੀ ਉਪਲਬਧ ਨਾ ਹੋਵੇ, ਤਾਂ ਪ੍ਰੀਜ਼ਾਈਡਿੰਗ ਅਫਸਰ ਨੂੰ ਉਪ-ਧਾਰਾ 2(O) ਵਿੱਚ ਹਵਾਲਾ ਦਿੱਤੇ ਗਏ ਕਾਰਜ-ਸਥਾਨ ਦੇ ਹੋਰ ਦਫਤਰਾਂ ਜਾਂ ਪ੍ਰਸ਼ਾਸਕੀ ਇਕਾਈਆਂ ਤੋਂ ਨਾਮਜ਼ਦ ਕੀਤਾ ਜਾਵੇਗਾ।

      ਇਹ ਵੀ ਪ੍ਰਦਾਨ ਕੀਤਾ ਗਿਆ ਹੈ ਕਿ ਜੇ ਕਾਰਜ-ਸਥਾਨ ਦੇ ਹੋਰ ਦਫਤਰਾਂ ਜਾਂ ਪ੍ਰਸ਼ਾਸਕੀ ਇਕਾਈਆਂ ਵਿੱਚ ਕੋਈ ਸੀਨੀਅਰ ਪੱਧਰ ਦੀ ਮਹਿਲਾ ਕਰਮਚਾਰੀ ਨਹੀਂ ਹੈ, ਤਾਂ ਪ੍ਰੀਜ਼ਾਈਡਿੰਗ ਅਫਸਰ ਨੂੰ ਉਸੇ ਰੁਜ਼ਗਾਰਦਾਤਾ ਜਾਂ ਹੋਰ ਵਿਭਾਗ ਜਾਂ ਸੰਸਥਾ ਦੇ ਕਿਸੇ ਹੋਰ ਕਾਰਜ-ਸਥਾਨ ਤੋਂ ਨਾਮਜ਼ਦ ਕੀਤਾ ਜਾਵੇਗਾ।

   b. ਅਜਿਹੇ ਦੋ ਫੈਕਲਟੀ ਮੈਂਬਰਾਂ ਅਤੇ ਦੋ ਗੈਰ-ਅਧਿਆਪਨ ਕਰਮਚਾਰੀਆਂ ਨੂੰ ਕਾਰਜਕਾਰੀ ਅਥਾਰਟੀ ਦੁਆਰਾ ਨਾਮਜ਼ਦ ਕੀਤਾ ਜਾਵੇਗਾ। ਜਿਹੜੇ ਤਰਜੀਹੀ ਤੌਰ 'ਤੇ ਔਰਤਾਂ ਦੀ ਭਲਾਈ ਦੇ ਉਦੇਸ਼ ਪ੍ਰਤੀ ਵਚਨਬੱਧ ਹਨ ਜਾਂ ਜਿਨ੍ਹਾਂ ਨੂੰ ਸਮਾਜਿਕ ਭਲਾਈ ਦੇ ਕੰਮ ਵਿੱਚ ਤਜ਼ਰਬਾ ਹੈ ਜਾਂ ਉਨ੍ਹਾਂ ਨੂੰ ਕਾਨੂੰਨੀ ਜਾਣਕਾਰੀ ਹੈ।

   c. ਜੇ ਇਸ ਮਾਮਲੇ ਵਿੱਚ ਵਿਦਿਆਰਥੀ ਸ਼ਾਮਿਲ ਹਨ ਤਾਂ ਅੰਡਰ ਗ੍ਰੈਜੂਏਟ ਪੱਧਰ ਦੇ ਤਿੰਨ ਵਿਦਿਆਰਥੀਆਂ ਨੂੰ ਪ੍ਰਕਿਰਿਆ ਵਿੱਚ ਦਾਖਲ ਕੀਤਾ ਜਾਵੇਗਾ।

   d. ਇੱਕ ਮੈਂਬਰ ਗੈਰ-ਸਰਕਾਰੀ ਸੰਸਥਾਵਾਂ ਜਾਂ ਔਰਤਾਂ ਦੇ ਉਦੇਸ਼ ਲਈ ਵਚਨਬੱਧ ਐਸੋਸੀਏਸ਼ਨਾਂ ਵਿੱਚੋਂ ਜਾਂ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਮੁੱਦਿਆਂ ਤੋਂ ਜਾਣੂ ਵਿਅਕਤੀ ਨੂੰ ਕਾਰਜਕਾਰੀ ਅਥਾਰਟੀ ਦੁਆਰਾ ਨਾਮਜ਼ਦ ਕੀਤਾ ਗਿਆ ਹੈ।

10. **ਸ਼ਿਕਾਇਤ ਕਰਨ ਦੀਆਂ ਪ੍ਰਕਿਰਿਆਵਾਂ:**

   - ਕਿਸੇ ਪੀੜਿਤ ਵਿਅਕਤੀ ਨੂੰ ਐਚ.ਆਰ.ਸੀ ਦੇ ਚੇਅਰਪਰਸਨ ਜਾਂ ਕਿਸੇ ਵੀ ਮੈਂਬਰ ਨੂੰ ਲਿਖਤੀ ਸ਼ਿਕਾਇਤ ਸੌਂਪਣ ਦੀ ਲੋੜ ਹੁੰਦੀ ਹੈ।
   - ਦੋਸਤ, ਰਿਸ਼ਤੇਦਾਰ, ਸਹਿਕਰਮੀ, ਸਹਿ-ਵਿਦਿਆਰਥੀ, ਮਨੋਵਿਗਿਆਨੀ ਜਾਂ ਪੀੜਤ ਦਾ ਕੋਈ ਹੋਰ ਸਹਿਯੋਗੀ ਅਜਿਹੀ ਸਥਿਤੀ ਵਿੱਚ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਜਿੱਥੇ ਪੀੜਤ ਵਿਅਕਤੀ ਸਰੀਰਕ ਜਾਂ ਮਾਨਸਿਕ ਅਸਮਰੱਥਾ ਜਾਂ ਮੌਤ ਦੇ ਕਾਰਨ ਸ਼ਿਕਾਇਤ ਕਰਨ ਦੇ ਅਯੋਗ ਹੁੰਦਾ ਹੈ।

- ਜੇ ਇਹ ਸ਼ਿਕਾਇਤ ਵਿਭਾਗ ਦੇ ਮੁਖੀ, ਫੈਕਲਟੀ ਦੇ ਡੀਨ/ਡਾਇਰੈਕਟਰ, ਜਾਂ ਕਿਸੇ ਕਮੇਟੀ ਮੈਂਬਰ ਜਾਂ ਯੂਨੀਵਰਸਿਟੀ ਦੇ ਕਿਸੇ ਹੋਰ ਅਧਿਕਾਰੀ ਨੂੰ ਕੀਤੀ ਜਾਂਦੀ ਹੈ, ਤਾਂ ਇਸ ਨੂੰ ਐਚ.ਆਰ.ਸੀ ਦੇ ਚੇਅਰਪਰਸਨ ਨੂੰ ਭੇਜ ਦਿੱਤਾ ਜਾਵੇਗਾ।

11. **ਜਾਂਚ ਕਰਨ ਦੀ ਪ੍ਰਕਿਰਿਆ-**ਐਚ.ਆਰ.ਸੀ ਨੂੰ ਗੁਪਤਤਾ, ਗੈਰ-ਬਦਲਾਖੋਰੀ ਦਾ ਭਰੋਸਾ ਤੇ ਨਿਰਪੱਖ ਜਾਂਚ ਕਰਨ ਲਈ ਨਿਸ਼ਚਿਤ ਸਮੇਂ ਵਿਚ ਕਾਰਵਾਈ ਦੀ ਸਿਫ਼ਾਰਿਸ਼ ਕਰਨਾ ਲਾਜ਼ਮੀ ਹੈ ਜਿਸ ਦੇ ਛੇ ਪੜਾਅ ਹਨ:

**ਪਹਿਲਾ ਪੜਾਅ:** ਸ਼ਿਕਾਇਤ ਦੀ ਪ੍ਰਾਪਤੀ

**ਦੂਜਾ ਪੜਾਅ:** ਧਿਆਨ ਨਾਲ ਯੋਜਨਾ ਬਣਾਉਣਾ: ਇੱਕ ਗੁਪਤ ਫਾਈਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਬਣਾਉਣਾ

**ਤੀਜਾ ਪੜਾਅ:** ਸੁਣਵਾਈ ਲਈ ਇੰਟਰਵਿਊ ਯੋਜਨਾ ਤਿਆਰ ਕਰਨਾ: ਸ਼ਿਕਾਇਤਕਰਤਾ, ਗਵਾਹ ਅਤੇ ਪ੍ਰਤੀਪੱਖੀ।

**ਚੌਥਾ ਪੜਾਅ:** ਜਾਂਚ ਦੌਰਾਨ ਇਕੱਠੀ ਕੀਤੀ ਜਾਣਕਾਰੀ ਦਾ ਤਰਕ ਆਧਾਰਿਤ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ

**ਪੰਜਵਾਂ ਪੜਾਅ:** ਖੋਜ ਅਤੇ ਸਿਫਾਰਸ਼

**ਛੇਵਾਂ ਪੜਾਅ:** ਰਿਪੋਰਟ ਲਿਖਣਾ

12. **ਸ਼ਿਕਾਇਤ ਕਰਨ ਅਤੇ ਜਾਂਚ ਕਰਨ ਦੀ ਪ੍ਰਕਿਰਿਆ ਵਾਸਤੇ ਸਮਾਂ-ਸੀਮਾਵਾਂ**

| | |
|---|---|
| ਸ਼ਿਕਾਇਤ ਜਮ੍ਹਾਂ ਕਰਵਾਉਣਾ | ਆਖਰੀ ਘਟਨਾ ਦੇ 3 ਮਹੀਨਿਆਂ ਦੇ ਅੰਦਰ |
| ਪ੍ਰਤੀ ਪੱਖ ਨੂੰ ਨੋਟਿਸ | ਸ਼ਿਕਾਇਤ ਦੀ ਕਾਪੀ ਪ੍ਰਾਪਤ ਕਰਨ ਦੇ 7 ਦਿਨਾਂ ਦੇ ਅੰਦਰ |
| ਜਾਂਚ ਪੂਰੀ ਕਰਨ ਦਾ ਸਮਾਂ | ਨੱਬੇ ਦਿਨਾਂ ਦੇ ਅੰਦਰ |
| ਐਚ.ਆਰ.ਸੀ ਦੁਆਰਾ ਰਿਪੋਰਟ ਜਮਾਂ ਕਰਵਾਉਣਾ | ਜਾਂਚ ਪੂਰੀ ਹੋਣ ਦੇ ਦਸ ਦਿਨਾਂ ਦੇ ਅੰਦਰ |
| ਸਿਫਾਰਸ਼ਾਂ ਨੂੰ ਲਾਗੂ ਕਰਨਾ | ਸੱਠ ਦਿਨਾਂ ਦੇ ਅੰਦਰ |
| ਅਪੀਲ | ਸਿਫ਼ਾਰਿਸ਼ਾਂ ਦੇ ਨੱਬੇ ਦਿਨਾਂ ਦੇ ਅੰਦਰ |